# ਸਿੱਖ ਨੈਸ਼ਨਲ ਕਾਲਜ

ਕਾਦੀਆਂ (ਗੁਰਦਾਸਪੁਰ)




snc_qadian1@yahoo.co.in

www.sncqadian.com

01872-220034, 86998-84571


## ਸਾਲਾਨਾ ਰਿਪੋਰਟ
2024-25




# ਸਿੱਖ ਨੈਸ਼ਨਲ ਕਾਲਜ

ਕਾਦੀਆਂ (ਗੁਰਦਾਸਪੁਰ)

# ਡਾ. ਉਜਾਗਰ ਸਿੰਘ ਧਾਲੀਵਾਲ
ਐਮ.ਬੀ.ਬੀ.ਐਸ., ਐਮ.ਐਸ.



ਡਾ. ਉਜਾਗਰ ਸਿੰਘ ਧਾਲੀਵਾਲ ਦਾ ਜਨਮ ਜ਼ਿਲ੍ਹਾ ਬਰਨਾਲਾ ਵਿੱਚ ਹੋਇਆ। ਆਪ ਸ਼ੁਰੂ ਤੋਂ ਹੀ ਬਹੁਤ ਹੁਸ਼ਿਆਰ ਅਤੇ ਹੋਣਹਾਰ ਵਿਦਿਆਰਥੀ ਰਹੇ ਹਨ। ਜਿਸਦਾ ਪ੍ਰਮਾਣ ਇਹ ਹੈ ਕਿ ਆਪ ਨੇ ਐਮ.ਬੀ.ਬੀ.ਐਸ. ਕਰਦਿਆਂ ਲਗਾਤਰ ਪੰਜ ਸਾਲ 'Brilliant Student Scholarship' ਹਾਸਿਲ ਕੀਤੀ। ਸੰਨ 1967 ਈ. ਵਿੱਚ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਐਮ.ਬੀ.ਬੀ.ਐਸ. (M.B.B.S.) ਕਰਨ ਤੋਂ ਬਾਅਦ ਆਪ ਨੇ ਉਸੇ ਕਾਲਜ ਤੋਂ ਸੰਨ 1974 ਈ. ਵਿੱਚ ਐਮ.ਐਸ. (M.S.) ਦੀ ਡਿਗਰੀ ਪ੍ਰਾਪਤ ਕੀਤੀ ਹੈ। ਆਪ ਨੇ W.H.O. ਦੀ ਫੈਲੋਸ਼ਿਪ ਵੀ ਹਾਸਿਲ ਕੀਤੀ। ਆਪ ਦਸ ਸਾਲ ਪੰਜਾਬ ਰਾਜ ਦੀ ਸਿਵਲ ਮੈਡੀਕਲ ਸਰਵਿਸ ਵਿੱਚ ਰਹੇ। ਆਪ ਨੇ ਸ੍ਰੀ ਗੁਰੂ ਰਾਮ ਦਾਸ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼, ਅੰਮ੍ਰਿਤਸਰ ਦੇ ਸਰਜਰੀ ਵਿਭਾਗ ਵਿੱਚ 1985 ਈ. ਤੋਂ 1996 ਈ. ਤੱਕ ਬਤੌਰ ਪ੍ਰੋਫ਼ੈਸਰ ਕਾਰਜ ਕੀਤਾ ਅਤੇ ਬਾਅਦ ਵਿੱਚ 1999 ਈ. ਤੋਂ 2008 ਈ. ਤੱਕ ਸਰਜਰੀ ਵਿਭਾਗ ਦੇ ਮੁੱਖੀ ਅਤੇ ਡਾਇਰੈਕਟਰ ਪ੍ਰਿੰਸੀਪਲ ਬਣੇ। ਆਪ ਦੀ ਵਿਸ਼ੇਸ਼ਤਾ, ਮਹੱਤਵਪੂਰਨ ਸਰਜਰੀ ਬਟਨ ਹੋਲ (ਕੋਲੈਸਾਈਸਟੈਕਟੌਮੀ) ਸਰਜਰੀ ਹੈ, ਜਿਸ ਵਿੱਚ Gallbladder ਨੂੰ ਕੱਢਕੇ ਸਿਰਫ਼ ਦੋ ਟਾਂਕੇ ਲੱਗਦੇ ਹਨ। ਆਪਨੇ ਇਸ ਵਿਧੀ ਨਾਲ ਹੁਣ ਤੱਕ ਤਕਰੀਬਨ 40 ਹਜ਼ਾਰ ਓਪਰੇਸ਼ਨ ਸਫ਼ਲਤਾਪੂਰਵਕ ਕੀਤੇ ਹਨ। ਡਾ. ਉਜਾਗਰ ਸਿੰਘ ਧਾਲੀਵਾਲ, ਨੌਰਥ ਜ਼ੋਨ ICSIS ਦੇ ਪ੍ਰਧਾਨ ਅਤੇ ਉੱਪ-ਪ੍ਰਧਾਨ ਰਹੇ ਅਤੇ ਹੁਣ ICSIS ਦੇ ਟਰੱਸਟੀ ਵੀ ਹਨ। ਇਸ ਤੋਂ ਇਲਾਵਾ ਆਪ Surgical Journal of North India ਦੇ ਐਸੋਸੀਏਟ ਐਡੀਟਰ (Associate Editor),ਮੈਡੀਕਲ ਕੌਂਸਲ ਆਫ਼ ਇੰਡੀਆ ਦੇ ਮੈਂਬਰ, ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਫ਼ਰੀਦਕੋਟ ਦੇ ਸੈਨੇਟ ਮੈਂਬਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਰਿਸਰਚ ਐਥਿਕਸ ਕਮੇਟੀ ਦੇ ਚੇਅਰਮੈਨ ਵੀ ਰਹੇ ਹਨ। ਆਪ ਦੇ 42 ਖੋਜ ਪੱਤਰ ਵੱਖ-ਵੱਖ ਸਰਜੀਕਲ ਜਰਨਲਾਂ ਵਿੱਚ ਪ੍ਰਕਾਸ਼ਿਤ ਹੋਏ ਹਨ। ਆਪ ਦੀਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਅਨੇਕਾਂ ਹੀ ਪ੍ਰਾਪਤੀਆਂ ਹਨ, ਜਿਹਨਾਂ ਨੂੰ ਸ਼ਬਦਾਂ ਵਿੱਚ ਸਮੇਟਣਾ ਮੁਸ਼ਕਿਲ ਹੈ। ਆਪ ਮੌਜੂਦਾ ਸਮੇਂ ਸਿੱਖ ਐਜੂਕੇਸ਼ਨਲ ਸੁਸਾਇਟੀ, ਚੰਡੀਗੜ੍ਹ ਦੇ ਲਾਈਫ਼ ਮੈਂਬਰ ਵੀ ਹਨ।

# ਸਿੱਖ ਨੈਸ਼ਨਲ ਕਾਲਜ, (ਲਾਹੌਰ) ਕਾਦੀਆਂ

## ਸਾਲਾਨਾ ਰਿਪੋਰਟ (2024-25)

ਸਿੱਖ ਨੈਸ਼ਨਲ ਕਾਲਜ, ਕਾਦੀਆਂ ਦੀ ਸਥਾਪਨਾ ਸੰਨ 1938 ਈ. ਵਿੱਚ ਲਾਹੌਰ ਵਿਖੇ ਹੋਈ । ਦੇਸ਼ ਦੀ ਵੰਡ ਉਪਰੰਤ ਸੰਨ 1948 ਈ. ਵਿੱਚ ਇਸ ਕਾਲਜ ਦੀ ਮੁੜ ਸਥਾਪਨਾ ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਕਾਦੀਆਂ ਵਿੱਚ 'ਸਿੱਖ ਐਜੂਕੇਸ਼ਨਲ ਸੁਸਾਇਟੀ ਦੇ ਅਣਥੱਕ ਯਤਨਾਂ ਸਦਕਾ ਹੋਈ । ਵਿਰਾਸਤੀ ਤੇ ਇਤਿਹਾਸਕ ਵਿੱਦਿਅਕ ਸੰਸਥਾ ਨੂੰ ਵੰਡ ਤੋਂ ਪਹਿਲਾਂ ਵਾਲੀਆਂ ਬੁਲੰਦੀਆਂ ਤੇ ਲਿਜਾਣ ਲਈ ਸਿੱਖ ਐਜੂਕੇਸ਼ਨਲ ਸੁਸਾਇਟੀ, ਚੰਡੀਗੜ੍ਹ ਵਲੋਂ ਇਸ ਦੀ ਅਗਵਾਈ ਉਸ ਸਮੇਂ ਤੋਂ ਹੀ ਕੀਤੀ ਜਾ ਰਹੀ ਹੈ । ਇਸ ਸਮੇਂ ਸਰਦਾਰ ਗੁਰਦੇਵ ਸਿੰਘ (ਸੇਵਾ-ਮੁਕਤ, ਆਈ. ਏ. ਐਸ.) ਪ੍ਰਧਾਨ ਅਤੇ ਕਰਨਲ ਜਸਮੇਰ ਸਿੰਘ ਬਾਲਾ (ਸੇਵਾ-ਮੁਕਤ), ਸਕੱਤਰ ਵਜੋਂ ਸੁਸਾਇਟੀ ਦੇ ਸਮੁੱਚੇ ਪ੍ਰਬੰਧ ਨੂੰ ਸੰਭਾਲ ਰਹੇ ਹਨ । ਕਾਲਜ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਡਾ. ਬਲਚਰਨਜੀਤ ਸਿੰਘ ਭਾਟੀਆ ਦੀ ਅਗਵਾਈ ਹੇਠ ਸਥਾਨਕ ਪ੍ਰਬੰਧਕ ਕਮੇਟੀ ਯਤਨਸ਼ੀਲ ਰਹਿੰਦੀ ਹੈ । ਸਰਹੱਦੀ ਖੇਤਰ ਵਿੱਚ ਚਲ ਰਹੀ ਇਸ ਵਿਦਿਅਕ ਸੰਸਥਾ ਨੇ ਇਲਾਕੇ ਨੂੰ ਉਚੇਰੀ ਵਿੱਦਿਆ ਦੇਣ ਲਈ ਹਮੇਸ਼ਾ ਅਹਿਮ ਭੂਮਿਕਾ ਨਿਭਾਈ ਹੈ । ਕਾਲਜ ਦੇ ਕਈ ਵਿਦਿਆਰਥੀ ਦੇਸ਼ ਦੇ ਵੱਕਾਰੀ ਉੱਚ-ਅਹੁਦਿਆਂ ਤੇ ਸੇਵਾ ਨਿਭਾਉਣ ਵਿੱਚ ਸਫ਼ਲ ਹੋਏ ਹਨ । ਸਮਾਜਕ, ਰਾਜਸੀ, ਧਾਰਮਿਕ, ਅਕਾਦਮਿਕ ਆਦਿ ਖ਼ੇਤਰਾਂ ਵਿੱਚ ਕਾਲਜ ਦੇ ਵਿਦਿਆਰਥੀਆਂ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ ।



# ਵਿੱਦਿਅਕ ਕੋਰਸ

ਇਸ ਕਾਲਜ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਪ੍ਰਵਾਨਿਤ ਅੰਡਰ-ਗਰੈਜੁਏਟ ਅਤੇ ਪੋਸਟ-ਗਰੈਜੁਏਟ ਬੀ. ਏ., ਬੀ. ਐਸ. ਸੀ., ਬੀ. ਐਸ. ਸੀ. (ਆਈ. ਟੀ.), ਬੀ. ਕਾਮ., ਬੀ. ਸੀ. ਏ., ਐਮ. ਏ. (ਪੰਜਾਬੀ), ਐਮ. ਐਸ. ਸੀ. (ਆਈ. ਟੀ.), ਪੀ. ਜੀ. ਡੀ. ਸੀ. ਏ. ਅਤੇ ਡੀ. ਸੀ. ਏ. ਦੇ ਕੋਰਸ ਪੜ੍ਹਾਏ ਜਾ ਰਹੇ ਹਨ ।

# ਵਿਦਿਆਰਥੀਆਂ ਦੀ ਗਿਣਤੀ

ਇਸ ਵਿੱਦਿਅਕ ਸੈਸ਼ਨ ਦੌਰਾਨ ਕਾਲਜ ਵਿੱਚ ਵਿਦਿਆਰਥੀਆਂ ਦੀ ਕੁੱਲ ਗਿਣਤੀ 542 ਹੈ ।

# ਅਕਾਦਮਿਕ ਨਤੀਜੇ

ਸੈਸ਼ਨ 2023-2024 ਦੌਰਾਨ ਕਾਲਜ ਦੇ ਵਿਦਿਆਰਥੀਆਂ ਦੇ ਨਤੀਜੇ ਪਿੱਛਲੇ ਸਾਲਾਂ ਵਾਂਗ ਸ਼ਾਨਦਾਰ ਰਹੇ ਹਨ :-

## MERIT LIST 2022-23

### B.A. (Sem-IV)

| Sr. No. | Student Name/Father's Name | Uni. Position |
|---|---|---|
| 1. | Gurleen Kaur / S. Kewal Singh | 44th Position in University |
| 2. | Jashandeep Kaur / S. Harpal Singh | 95th Position in University |

### B.A. (Sem-II)

| Sr. No. | Student Name/Father's Name | Uni. Position |
|---|---|---|
| 1. | Komalpreet Kaur / S. Bihshanpartap Singh | 31st Position in University |

### B.Sc. (IT) Sem-II

| Sr. No. | Student Name/Father's Name | Uni. Position |
|---|---|---|
| 1. | Jashanpreet Kaur / S. Major Singh | 4th Position in University |

### B.C.A. (Sem-II)

| Sr. No. | Student Name/Father's Name | Uni. Position |
|---|---|---|
| 1. | Pawandeep Kaur / S. Sukhwinder Singh | 29th Position in University |

# ਕਾਲਜ ਲਾਇਬ੍ਰੇਰੀ

ਕਾਲਜ ਲਾਇਬ੍ਰੇਰੀ ਵਿੱਚ 27404 ਪੁਸਤਕਾਂ ਹਨ। ਮਿਤੀ 17 ਦਸੰਬਰ, 2024 ਤੋਂ ਮਿਤੀ 20 ਦਸੰਬਰ, 2024 ਤੱਕ ਲਾਇਬ੍ਰੇਰੀ ਵੱਲੋਂ 'ਸੰਦਰਭ ਪੁਸਤਕਾਂ' ਦੀ ਪੁਸਤਕ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਇਸ ਪੁਸਤਕ ਪ੍ਰਦਰਸ਼ਨੀ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਸ਼ਿਰਕਤ ਕੀਤੀ।

# ਧਾਰਮਿਕ ਗਤੀਵਿਧੀਆਂ

ਕਾਲਜ ਦੇ ਨਵੇਂ ਵਿੱਦਿਅਕ ਵਰ੍ਹੇ ਦੀ ਸ਼ੁਰੂਆਤ ਨੂੰ ਸਮਰਪਿਤ 'ਆਰੰਭਕ ਦਿਵਸ' (ਸੈਸ਼ਨ 2024-2025) ਮਿਤੀ 24 ਅਗਸਤ, 2024 ਨੂੰ ਮਨਾਇਆ ਗਿਆ। ਇਸ ਮੌਕੇ 'ਸ੍ਰੀ ਸੁਖਮਨੀ ਸਾਹਿਬ' ਜੀ ਦੇ ਪਾਠ ਦੇ ਭੋਗ ਉਪਰੰਤ ਕਾਲਜ ਦੇ ਵਿਦਿਆਰਥੀਆਂ ਵੱਲੋਂ ਦਿਲਜੀਤ ਸਿੰਘ, ਦਿਲਪ੍ਰੀਤ ਸਿੰਘ ਅਤੇ ਸਰਬਜੋਤ ਸਿੰਘ ਵਲੋਂ ਰਸ-ਭਿੰਨੇ ਕੀਰਤਨ ਦੀ ਸੇਵਾ ਨਿਭਾਈ ਗਈ। ਸਮਾਗਮ ਦੀ ਸੰਪੂਰਨਤਾ ਸਮੇਂ ਗੁਰੂ ਦਾ ਲੰਗਰ ਵਰਤਾਇਆ ਗਿਆ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਵੱਲੋਂ 24 ਅਕਤੂਬਰ, 2024 ਨੂੰ 'ਨੈਤਿਕ ਸਿੱਖਿਆ' ਇਮਤਿਹਾਨ ਲਿਆ ਗਿਆ, ਜਿਸ ਵਿਚ ਕਾਲਜ ਦੇ ਕੁਲ 33 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਲਈ ਗਈ ਪ੍ਰੀਖਿਆ ਵਿਚ 42 ਵਿਦਿਆਰਥੀਆਂ ਨੇ ਭਾਗ ਲਿਆ।

- ➔ ਸੈਸ਼ਨ 2023-24 ਦੌਰਾਨ ਕਾਲਜ ਦੀਆਂ ਤਿੰਨ ਵਿਦਿਆਰਥਣਾਂ, ਗੁਰਲੀਨ ਕੌਰ, ਕੋਮਲਪ੍ਰੀਤ ਕੌਰ ਅਤੇ ਗਰਲੀਨ ਕੌਰ ਨੇ SGPC ਦੀ ਧਾਰਮਿਕ ਪ੍ਰੀਖਿਆ ਦਾ ਪ੍ਰਾਪਤ ਕੀਤਾ।
- ➔ ਦੋ ਸਾਲਾਂ ਗੁਰਮਿਤ ਅਧਿਐਨ ਪੱਤਰ ਵਿਹਾਰ ਕੋਰਸ ਲਈ 38 ਵਿਦਿਆਰਥੀਆਂ ਨੇ ਦਾਖ਼ਲਾ ਭਰਿਆ ਹੈ।

# ਪੰਜਾਬੀ ਵਿਭਾਗ ਦੀਆਂ ਗਤੀਵਿਧੀਆਂ

- ➔ ਮਿਤੀ 23 ਅਗਸਤ 2024 ਨੂੰ ਪੰਜਾਬੀ ਵਿਭਾਗ ਵੱਲੋਂ ਕਵਿਤਾ ਉਚਾਰਨ ਮੁਕਾਬਲਾ ਕਰਵਾਇਆ ਗਿਆ।
- ➔ ਮਿਤੀ 05 ਸਤੰਬਰ 2024 ਨੂੰ ਪੋਸਟਰ ਮੇਕਿੰਗ ਅਤੇ ਕੋਲਾਜ਼ ਮੇਕਿੰਗ ਪ੍ਰਤੀਯੋਗਤਾ ਕਰਵਾਈ ਗਈ। ਪੋਸਟਰ ਮੇਕਿੰਗ ਵਿੱਚ ਗੀਤਾਂਜਲੀ ਨੇ ਪਹਿਲਾ, ਰਵਨੀਤ ਸਿੰਘ ਨੇ ਦੂਸਰਾ ਅਤੇ ਰਿਬਿਕਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਕੋਲਾਜ ਮੇਕਿੰਗ ਵਿੱਚ ਮਾਰੀਆ ਨੇ ਪਹਿਲਾ, ਮੁਸਕਾਨ ਨੇ ਦੂਸਰਾ ਅਤੇ ਫ਼ਹਮੀਦਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।
- ➔ ਵਿਭਾਗ ਵਲੋਂ 27 ਸਤੰਬਰ 2024 ਨੂੰ ਸਰਦਾਰ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਭਾਸ਼ਣ ਮੁਕਾਬਲੇ ਕਰਵਾਏ ਗਏ।
- ➔ ਮਿਤੀ 15 ਜਨਵਰੀ, 2025 ਨੂੰ ਪੰਜਾਬੀ ਵਿਭਾਗ ਵੱਲੋਂ ਲੋਹੜੀ ਦਾ ਤਿਉਹਾਰ ਮਨਾਇਆ ਗਿਆ।
- ➔ ਪੰਜਾਬੀ ਵਿਭਾਗ ਵੱਲੋਂ ਆਈ.ਕਿਉ.ਏ.ਸੀ ਦੇ ਸਹਿਯੋਗ ਨਾਲ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ' ਗੁਰੂ ਅਮਰਦਾਸ ਜੀ ਦੀ ਬਾਣੀ ਤੇ ਸਿੱਖਿਆਵਾਂ: ਸਮਾਜਿਕ ਸੰਦਰਭ ਮਿਤੀ 08 ਫਰਵਰੀ 2025 ਨੂੰ ਕਰਵਾਇਆ ਗਿਆ। ਜਿਸ ਵਿੱਚ ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਮੁਖੀ ਡਾ. ਮਨਜਿੰਦਰ ਸਿੰਘ ਨੇ ਕੁੰਜੀਵਤ ਭਾਸ਼ਣ ਪੇਸ਼ ਕੀਤਾ। ਡਾ. ਪਰਮਿੰਦਰ ਸਿੰਘ (ਖ਼ਾਲਸਾ ਕਾਲਜ, ਅੰਮ੍ਰਿਤਸਰ), ਡਾ. ਕੰਵਲਜੀਤ ਸਿੰਘ, ਡਾ. ਜਸਵਿੰਦਰ ਸਿੰਘ ਨੇ ਗੁਰੂ ਅਮਰਦਾਸ ਜੀ ਦੇ ਜੀਵਨ ਅਤੇ ਰਚਨਾ ਸੰਬੰਧੀ ਜਾਣਕਾਰੀ ਭਰਪੂਰ ਪਰਚੇ ਪੜ੍ਹੇ। ਇਸ ਸੈਮੀਨਾਰ ਵਿਚ ਵੱਖ-ਵੱਖ ਕਾਲਜਾਂ ਤੋਂ ਤੀਹ ਦੇ ਕਰੀਬ ਵਿਦਵਾਨ ਅਧਿਆਪਕਾਂ ਅਤੇ ਸਥਾਨਕ ਪਤਵੰਤਿਆਂ ਨੇ ਸ਼ਿਰਕਤ ਕੀਤੀ।

- ਮਿਤੀ 21 ਫਰਵਰੀ 2025 ਨੂੰ 'ਕੌਮਾਂਤਰੀ ਮਾਂ-ਬੋਲੀ ਦਿਵਸ' ਨੂੰ ਸਮਰਪਿਤ ਅੰਤਰ-ਵਿਭਾਗ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ। ਇਸ ਤੋਂ ਇਲਾਵਾ ਕਵਿਤਾ, ਭਾਸ਼ਣਲੇਖ-ਕਲਾ, ਗੀਤ ਮੁਕਾਬਲੇ ਵੀ ਕਰਵਾਏ ਗਏ। ਵਿਦਿਆਰਥੀਆਂ ਨੂੰ ਪ੍ਰੋਗਰਾਮ ਦੇ ਅੰਤ 'ਤੇ ਇਨਾਮ ਅਤੇ ਸਰਟੀਫਿਕੇਟ ਵੀ ਤਕਸੀਮ ਕੀਤੇ ਗਏ।

- ਪੰਜਾਬੀ ਵਿਭਾਗ ਵੱਲੋਂ ਮਿਤੀ 22 ਮਾਰਚ, 2025 ਨੂੰ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿਮਘ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਵਿਸ਼ੇਸ਼ ਲੈਕਚਰ ਕਰਵਾਏ। ਸ. ਅਪਾਰਜੀਤ ਸਿੰਘ ਘੁੰਮਣ, ਸ. ਪ੍ਰਕਾਸ਼ ਸਿੰਘ, ਸ੍ਰੀਮਤੀ ਰਾਜਿੰਦਰ ਕੌਰ ਨੇ ਸ. ਭਗਤ ਸਿਮਘ ਦੇ ਜੀਵਨ ਫਲਸਫ਼ੇ ਨਾਲ ਸੰਬੰਧਿਤ ਵਿਚਾਰ ਚਰਚਾ ਕੀਤੀ।

- ਵਿਭਾਗ ਵਲੋਂ ਕੌਮਾਂਤਰੀ ਮਹਿਲਾ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਮਿਤੀ 08 ਮਾਰਚ, 2025 ਨੂੰ ਕਰਵਾਇਆ ਗਿਆ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਪ੍ਰੋਫ਼ੈਸਰ ਸਾਹਿਬਾਨ ਅਤੇ ਵਿਦਿਆਰਥੀਆਂ ਨੇ ਆਪਣੇ ਵਿਚਾਰ ਪੇਸ਼ ਕੀਤੇ।

## ਇਤਿਹਾਸ ਵਿਭਾਗ

ਕਾਲਜ ਦੇ ਇਤਿਹਾਸ ਵਿਭਾਗ ਨੇ 25 ਸਤੰਬਰ, 2024 ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਸਰਦਾਰ ਭਗਤ ਸਿੰਘ ਜੀ ਦੇ ਜੀਵਨ ਸੰਬੰਧੀ ਜਾਣਕਾਰੀ ਭਰਪੂਰ ਭਾਸ਼ਣ ਦਿੱਤੇ। ਮਿਤੀ 20 ਜਨਵਰੀ, 2025 ਨੂੰ ਵਿਭਾਗ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿਚਾਰ-ਚਰਚਾ ਕਰਵਾਈ ਗਈ। ਮਿਤੀ 25 ਜਨਵਰੀ, 2025 ਵਿਭਾਗ ਵੱਲੋਂ ਗਣਤੰਤਰ ਦਿਵਸ ਨੂੰ ਮਨਾਉਂਦਿਆਂ ਭਾਸ਼ਣ ਮੁਕਾਬਲੇ ਕਰਵਾਏ ਗਏ। ਇਤਿਹਾਸ ਵਿਭਾਗ ਵੱਲੋਂ ਮਿਤੀ 11 ਫਰਵਰੀ 2025 ਨੂੰ ਸ਼੍ਰੋਮਣੀ ਭਗਤ ਰਵਿਦਾਸ ਜੀ ਦੇ ਜੀਵਨ ਸੰਬੰਧੀ ਵਿਚਾਰ-ਚਰਚਾ ਕਰਵਾਈ ਗਈ। ਮਿਤੀ 08 ਮਾਰਚ, 2025 ਨੂੰ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ।

## ਰਾਜਨੀਤੀ ਸ਼ਾਸ਼ਤਰਵਿਭਾਗ

ਮਿਤੀ 25 ਜਨਵਰੀ, 2025 ਨੂੰ ਵਿਭਾਗ ਵੱਲੋਂ ਗਣਤੰਤਰ ਦਿਵਸ ਅਤੇ ਵੋਟਰ ਦਿਵਸ ਨੂੰ ਸਮਰਪਿਤ ਵਿਸ਼ੇਸ਼ ਲੈਕਚਰ ਕਰਵਾਇਆ ਗਿਆ।

## ਸਾਇੰਸ ਵਿਭਾਗ

ਸਾਇੰਸ ਵਿਭਾਗ ਵੱਲੋਂ ਮਿਤੀ 05 ਮਾਰਚ, 2025 ਨੂੰ 'ਨੈਸ਼ਨਲ ਸਾਇੰਸ ਡੇਅ' ਦਾ ਆਯੋਜਨ ਕੀਤਾ ਗਿਆ, ਇਸ ਮੌਕੇ ਵਿਦਿਆਰਥੀਆਂ ਨੇ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ।

- ਮਿਤੀ 07 ਮਾਰਚ, 2025 ਨੂੰ ਬੀ,ਐਸ.ਸੀ (ਨਾਨ ਮੈਡੀਕਲ) ਦੇ ਵਿਦਿਆਰਥੀਆਂ ਨੇ ਬੇਰਿੰਗ ਯੂਨੀਅਨ ਕ੍ਰਿਸ਼ਚੀਅਨ ਕਾਲਜ ਬਟਾਲਾ ਵੱਲੋਂ ਕਰਵਾਏ ਗਏ, ਅੰਤਰ ਕਾਲਜ ਮੁਕਾਬਲਿਆਂ ਵਿੱਚ ਪ੍ਰੋ. ਮਨਜੋਤ ਕੌਰ ਦੀ ਅਗਵਾਈ ਵਿੱਚ ਭਾਗ ਲਿਆ। ਵਿਦਿਆਰਥਣ ਪ੍ਰਾਚਲ (ਬੀ.ਐਸ.ਸੀ. ਸਮੈਸਟਰ ਛੇਵਾਂ) ਨੇ ਹੌਂਸਲਾ ਅਫਜ਼ਾਈ ਇਨਾਮ ਪ੍ਰਾਪਤ ਕੀਤਾ।

- ਵਿਭਾਗ ਵੱਲੋਂ ਡੀ.ਏ.ਵੀ. ਕਾਲਜ ਅੰਮ੍ਰਿਤਸਰ ਵਿਚ ਆਯੋਜਿਤ 'ਦ ਸਾਇੰਸ ਕਾਰਨੀਵਲ' ਵਿੱਚ ਭਾਗ ਲਿਆ ਗਿਆ।

## ਕੰਪਿਊਟਰ ਵਿਭਾਗ

- ਕੰਪਿਊਟਰ ਵਿਭਾਗ ਵੱਲੋਂ ਮਿਤੀ 21 ਮਾਰਚ, 25 ਮਾਰਚ 2025 ਨੂੰ ਪੋਸਟਰ ਮੇਕਿੰਗ, ਕਵਿਜ਼ 'Typing Speed and accuracy Check' ਮੁਕਾਬਲੇ ਕਰਵਾਏ ਗਏ।

# ਅੰਗਰੇਜ਼ੀ ਵਿਭਾਗ

➔ ਅਗਸਤ 2024 ਤੋਂ ਮਾਰਚ 2025 ਦੌਰਾਨ ਵਿਭਾਗ ਵਲੋਂ 'ਸਵੀਪ' ਅਤੇ 'ਬੱਡੀ' ਪ੍ਰੋਗਰਾਮ ਦੇ ਤਹਿਤ ਪੋਸਟਰ ਮੇਕਿੰਗ, ਰੰਗੋਲੀ, ਕਵਿਤਾ ਉਚਾਰਨ ਵਾਦ-ਵਿਵਾਦ ਪ੍ਰਤੀਯੋਗਤਾ, ਭਾਸ਼ਣ ਮੁਕਾਬਲੇ ਕਰਵਾਏ ਗਏ। ਮਿਤੀ 26 ਮਾਰਚ 2025 ਨੂੰ 'ਇੰਗਲਿਸ਼ ਲਿਟਰੇਰੀ ਸੁਸਾਇਟੀ' ਵਲੋਂ ਕਵਿਤਾ ਉਚਾਰਨ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ।

# ਐੱਨ.ਐੱਸ.ਐੱਸ. ਵਿਭਾਗ

ਸੈਸ਼ਨ 2024-25 ਲਈ 236 ਵਲੰਟੀਅਰ (ਲੜਕੀਆਂ ਅਤੇ ਲੜਕੇ) ਦੀ ਇੰਟਰੋਲਮੈਂਟ ਕੀਤੀ ਗਈ।

➔ ਮਿਤੀ 14 ਅਗਸਤ, 2024 ਨੂੰ ਵਿਭਾਗ ਵਲੋਂ ਆਜ਼ਾਦੀ ਦਿਹਾੜਾ ਮਨਾਇਆ ਗਿਆ। ਇਸ ਮੌਕੇ ਵਲੰਟੀਅਰਾਂ ਨੇ ਭਾਸ਼ਣ ਦਿੱਤੇ ਅਤੇ ਪੋਸਟਰ ਮੁਕਾਬਲੇ ਕਰਵਾਏ ਗਏ।

➔ ਮਿਤੀ 28 ਸਤੰਬਰ, 2024 ਨੂੰ ਸਰਦਾਰ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਮੌਕੇ ਕਾਲਜ ਕੈਂਪਸ ਵਿਚ ਇੱਕ ਚੇਤਨਾ ਰੈਲੀ ਕੱਢੀ ਗਈ। ਇਸ ਦੌਰਾਨ ਵਲੰਟੀਅਰਾਂ ਨੇ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਕਵਿਤਾਵਾਂ ਅਤੇ ਭਾਸ਼ਣ ਪੇਸ਼ ਕੀਤੇ।

➔ ਵਿਭਾਗ ਵਲੋਂ ਜਨਵਰੀ 25, 2025 ਨੂੰ 'ਨੈਸ਼ਨਲ ਵੋਟਰ ਦਿਵਸ' ਮਨਾਇਆ। ਜਿਸ ਦੌਰਾਨ ਵਿਦਿਆਰਥੀ ਵਰਗ ਨੂੰ ਚੋਣਾਂ ਸੰਬੰਧੀ ਫਰਜ਼/ਸਹੀ ਮਤਦਾਨ ਲਈ ਨੁਕਤੇ ਸਾਂਝੇ ਕੀਤੇ।

➔ ਮਿਤੀ 08 ਮਾਰਚ, 2025 ਨੂੰ ਕੌਮਾਂਤਰੀ ਮਹਿਲਾ ਦਿਵਸ ਮਨਾਇਆ ਗਿਆ। ਵਲੰਟੀਅਰਾਂ ਨੇ ਸਮਾਜ ਵਿਚ ਔਰਤ ਦੀ ਸਥਿਤੀ ਅਤੇ ਭੂਮਿਕਾ ਸੰਬੰਧੀ ਵਿਚਾਰ-ਚਰਚਾ ਕੀਤੀ।

# ਖੇਡ ਸਰਗਰਮੀਆਂ

➔ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਕਾਲਜ ਦੀ ਵਾਲੀਵਾਲ ਟੀਮ ਨੇ ਜ਼ੋਨ ਪੱਧਰ 'ਤੇ ਪਹਿਲਾ ਅਤੇ ਜ਼ਿਲ੍ਹਾ ਪੱਧਰ ਉੱਤੇ ਦੂਸਰਾ ਸਥਾਨ ਪ੍ਰਾਪਤ ਕੀਤਾ।

➔ ਐਥਲੀਟ ਹਰਮਨਜੀਤ ਸਿੰਘ ਅਤੇ ਗੁਰਸੇਵਕ ਸਿੰਘ ਨੇ 'ਖੇਡਾਂ ਵਤਨ ਪੰਜਾਬ ਦੀਆਂ' ਦੇ ਜ਼ੋਨ ਪੱਧਰ ਦੇ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਪਹਿਲਾ ਸਥਾਨ ਹਾਸਿਲ ਕੀਤਾ। ਜ਼ਿਲ੍ਹਾ ਪੱਧਰ 100 ਮੀ. ਅਤੇ 400 ਮੀ. ਦੌੜ ਵਿੱਚ ਇਹਨਾਂ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।

➔ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਆਯੋਜਿਤ ਇੰਟਰ ਕਾਲਜ ਮੁਕਾਬਲਿਆਂ ਵਿੱਚ ਕਾਲਜ ਦੀ ਵਾਲੀਬਾਲ ਟੀਮ ਨੇ ਗੋਲਡਨ (ਸੋਨ ਤਮਗਾ) ਹਾਸਿਲ ਕੀਤਾ। ਵਾਲੀਬਾਲ ਦੇ ਪੰਜ ਖਿਡਾਰੀਆਂ ਦੀ ਚੋਣ 'ਆਲ ਇੰਡੀਆ ਇੰਟਰਵਰਸਿਟੀ ਕੈਂਪ' ਲਈ ਹੋਈ।

➔ ਕਾਲਜ ਦੇ ਵਿਦਿਆਰਥੀ ਗਗਨਜੋਤ ਸਿੰਘ, ਸਰਪ੍ਰੀਤ ਸਿੰਘ, ਹਰਸ਼ਿਤ ਕੁਮਾਰ ਅਤੇ ਪਵਨ ਚੌਧਰੀ ਨੇ ਹਰਿਦੁਆਰ ਵਿਖੇ ਆਯੋਜਿਤ 'North Zone Interversity Competition' ਦੌਰਾਨ ਵਾਲੀਬਾਲ ਵਿਚ ਵਧੀਆਂ ਪ੍ਰਦਰਸ਼ਨ ਕਰਦੇ ਹੋਏ ਸੋਨ ਸਮਗਾ ਪ੍ਰਾਪਤ ਕੀਤਾ।

# ਰੈੱਡ ਰਿਬਨ ਕਲੱਬ

- ਰੈੱਡ ਰਿਬਨ ਕਲੱਬ ਵਲੋਂ ਮਿਤੀ 13 ਸਤੰਬਰ, 2024 ਨੂੰ ਕਾਲਜ ਵਿਚ ਇੱਕ-ਰੋਜ਼ਾ 'Traffic Awareness Seminar' ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਬਟਾਲਾ ਟ੍ਰੈਫਿਕ ਇੰਚਾਰਜ ਸ. ਸਵਰਨ ਸਿੰਘ ਜੀ ਨੇ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਕੀਤੀ।
- ਮਿਤੀ 30 ਅਕਤੂਬਰ, 2024 ਨੂੰ ਕਾਲਜ ਵਿੱਚ 'ਗਰੀਨ ਦੀਵਾਲੀ' ਵਿਸ਼ੇ ਉੱਤੇ ਸੈਮੀਨਾਰ ਕਰਵਾਇਆ ਗਿਆ।
- ਕਲੱਬ ਵਲੋਂ ਮਿਤੀ 15 ਜਨਵਰੀ, 2025 ਨੂੰ ਸਵਾਮੀ ਵਿਵੇਕਾਨੰਦ ਦੀ ਯਾਦ ਵਿੱਚ 'ਨੈਸ਼ਨਲ ਯੂਥ ਡੇਅ' ਮਨਾਇਆ ਗਿਆ।
- ਰੈੱਡ ਰਿਬਨ ਕਲੱਬ ਵਲੋਂ ਮਿਤੀ 23 ਜਨਵਰੀ, 2025 ਨੂੰ ਪਿੰਡ ਭੰਗਵਾਂ ਦੇ ਸਕੂਲ ਵਿੱਚ 'Drug Awarenss Seminar' ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਵਿਚ ਪਿੰਡ ਦੇ ਸਰਪੰਚ ਅਤੇ ਸਥਾਨਕ ਲੋਕ ਸ਼ਾਮਿਲ ਹੋਏ।
- ਮਿਤੀ 17 ਫਰਵਰੀ, 2025 ਨੂੰ 'Stress Management' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦੇ ਮੁੱਖ ਬੁਲਾਰੇ ਸ੍ਰੀਮਤੀ ਗਜ਼ਲ ਨਈਅਰ ਅਰੋੜਾ ਸਨ।
- ਮਿਤੀ 08 ਮਾਰਚ, 2025 ਨੂੰ 'ਕੌਮਾਂਤਰੀ ਮਹਿਲਾ ਦਿਵਸ' ਮਨਾਇਆ ਗਿਆ।

# ਯੁਵਕ ਭਲਾਈ ਵਿਭਾਗ

- ਕਾਲਜ ਦੇ ਯੁਵਕ ਭਲਾਈ ਵਿਭਾਗ ਵਲੋਂ ਮਿਤੀ 20 ਅਗਸਤ, 2024 ਨੂੰ 'ਪ੍ਰਤਿਭਾ ਖੋਜ ਮੁਕਾਬਲਾ' ਕਰਵਾਇਆ ਗਿਆ।
- ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਆਯੋਜਿਤ ਜ਼ੋਨਲ ਯੁਵਕ ਮੇਲੇ ('ਜ਼ੋਨ ਬੀ') ਵਿੱਚ ਕਾਲਜ ਵਿਦਿਆਰਥੀਆਂ ਵਲੋਂ ਵਿਭਾਗ ਦੇ ਇੰਚਾਰਜ ਪ੍ਰੋ. ਹਰਜਿੰਦਰ ਸਿੰਘ, ਸਹਿ-ਇੰਚਾਰਜਾਂ ਦੀ ਅਗਵਾਈ ਹੇਠ 28 ਸਤੰਬਰ, 2024 ਤੋਂ 30 ਸਤੰਬਰ, 2024 ਤੱਕ ਹਿੱਸਾ ਲਿਆ। ਸਭਿਆਚਾਰਕ-ਕਲਾਤਮਕ, ਸਾਹਿਤਕ ਵੰਨਗੀਆਂ ਵਿੱਚ ਵਿਦਿਆਰਥੀਆਂ ਵਲੋਂ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਓਵਰਆਲ 'ਦੂਸਰਾ ਸਥਾਨ' ਪ੍ਰਾਪਤ ਕਰਕੇ ਟਰਾਫ਼ੀ ਜਿੱਤੀ ਗਈ। ਯੁਵਕ ਮੇਲੇ ਵਿੱਚ ਵੱਖ-ਵੱਖ ਵੰਨਗੀਆਂ ਵਿਚ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਵੇਰਵਾ :-

1. ਕਲੇਅ ਮਾਡਲਿੰਗ - ਨਵਨੀਤ ਕੌਰ (ਪਹਿਲਾ ਸਥਾਨ)
2. ਇੰਸਟਾਲੇਸ਼ਨ - ਅਮਤੁਲ ਹਈ, ਫ਼ਹਮੀਦਾ, ਸਲਮਾ ਫਹੀਮ ਅਤੇ ਅਮਤੁਲ (ਦੂਸਰਾ ਸਥਾਨ)
3. ਸਮੂਹ-ਸ਼ਬਦ ਗਾਇਨ - ਦਿਲਜੀਤ ਸਿੰਘ, ਸਰਬਜੋਤ ਸਿੰਘ, ਰਾਜਪਾਲ ਸਿੰਘ, ਸੋਨੀਆ, ਪ੍ਰਭਜੋਤ ਕੌਰ ਅਤੇ ਗੀਤਾਂਜਲੀ (ਦੂਸਰਾ ਸਥਾਨ)
4. ਕਵਿਤਾ - ਸੰਦੀਪ ਕੌਰ (ਦੂਸਰਾ ਸਥਾਨ)
5. ਸਮੂਹ-ਗੀਤ ਭਾਰਤੀ- ਸਰਬਜੋਤ ਸਿੰਘ, ਦਿਲਜੀਤ ਸਿੰਘ, ਦਿਲਪ੍ਰੀਤ ਸਿੰਘ, ਸੋਨੀਆ, ਪ੍ਰਭਜੋਤ ਕੌਰ ਅਤੇ ਗੀਤਾਂਜਲੀ (ਤਿਸਰਾ ਸਥਾਨ)
6. ਕਵੀਸ਼ਰੀ - ਸੰਦੀਪ ਕੌਰ, ਮਨਦੀਪ ਕੌਰ ਅਤੇ ਮਨਮੀਤ ਕੌਰ (ਤੀਸਰਾ ਸਥਾਨ)

7. ਗੀਤ/ਗ਼ਜ਼ਲ ਮੁਕਾਬਲੇ ਵਿਚੋਂ ਸੋਨੀਆ ਨੇ ਅਤੇ ਲੋਕ-ਗੀਤ ਮੁਕਾਬਲੇ ਵਿਚੋਂ ਰੋਜ਼ਲੀਨ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

➔ ਮਿਤੀ 07 ਫਰਵਰੀ 2025 ਨੂੰ 'ਲੋਕ ਸਭਿਆਚਾਰਕ ਪਿੜ' ਗੁਰਦਾਸਪੁਰ ਵਲੋਂ 'ਮਨੁੱਖੀ ਪੰਜਾਬਣ ਮੁਟਿਆਰ' ਮੁਕਾਬਲਾ ਕਰਵਾਇਆ ਗਿਆ। ਰਾਧਿਕਾ ਨੇ ਇਸ ਮੁਕਾਬਲੇ ਵਿਚ 'ਮਲੂਕੜੀ ਮੁਟਿਆਰ' ਦਾ ਖ਼ਿਤਾਬ ਜਿੱਤਿਆ।

## ਕਾਲਜ ਅਧਿਆਪਕਾਂ ਦੀਆਂ ਗਤੀਵਿਧੀਆਂ

➔ ਡਾ. ਗੁਰਦੀਪ ਸਿੰਘ, ਅੰਗਰੇਜ਼ੀ ਵਿਭਾਗ ਵਲੋਂ ਆਪਣੇ ਕਾਲਜ ਵਿਚ ਕਰਵਾਏ ਗਏ ਰਾਸ਼ਟਰੀ ਸੈਮੀਨਾਰ ਵਿਚ 'A Poetical Translation of First Pauri (The Five Lines Rhymed Stanza) of Anand Sahib in English' ਵਿਸ਼ੇ 'ਤੇ ਪੇਪਰ ਪੜ੍ਹਿਆ ਗਿਆ।

➔ ਪ੍ਰੋ. ਰਾਕੇਸ਼ ਕੁਮਾਰ, ਪ੍ਰੋ. ਮਨਪ੍ਰੀਤ ਕੌਰ ਅਤੇ ਪ੍ਰੋ. ਹਰਜਿੰਦਰ ਨੇ ਮਿਤੀ 14 ਮਈ, 2024 ਤੋਂ 22 ਮਈ, 2024 ਤੱਕ ਅਤੇ ਪ੍ਰੋ. ਕੋਸ਼ਲ ਕੁਮਾਰ ਨੇ ਮਿਤੀ 3 ਜੂਨ, 2024 ਤੋਂ 11 ਜੂਨ, 2024 ਤੱਕ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੁਆਰਾ ਆਯੋਜਿਤ ਮਾਲਵੀਆ ਮਿਸ਼ਨ ਟੀਚਰ ਟ੍ਰੇਨਿੰਗ ਪ੍ਰੋਗਰਾਮ (MM-TTP) UGC ਦੇ ਤਹਿਤ NEP 2020 ਓਰੀਐਂਟੇਸ਼ਨ ਅਤੇ ਸੰਵੇਦਨਸ਼ੀਲਤਾ ਪ੍ਰੋਗਰਾਮ ਵਿਚ ਭਾਗ ਲਿਆ।

➔ ਪ੍ਰੋ. ਰਾਕੇਸ਼ ਕੁਮਾਰ, ਗਣਿਤ ਵਿਭਾਗ ਵੱਲੋਂ ਮਿਤੀ 24 ਸਤੰਬਰ, 2024 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਕਾਲਜ ਡਿਵੈਲਪਮੈਂਟ ਕਾਊਂਸਲ ਦੁਆਰਾ ਆਯੋਜਿਤ ਵਰਕਸ਼ਾਪ ਵਿਚ ਬਤੌਰ Eco-Club ਇੰਚਾਰਜ਼ ਭਾਗ ਲਿਆ।

➔ ਡਾ. ਸਤਿੰਦਰ ਕੌਰ, ਪੰਜਾਬੀ ਵਿਭਾਗ ਵਲੋਂ ਮਿਤੀ 24 ਨਵੰਬਰ, 2024 ਨੂੰ ਖ਼ਾਲਸਾ ਕਾਲਜ, ਅੰਮ੍ਰਿਤਸਰ ਦੁਆਰਾ ਆਯੋਜਿਤ 'ਪੁਸਤਕ ਮੇਲੇ' ਵਿਚ ਸ਼ਿਰਕਤ ਕੀਤੀ ਗਈ।

➔ ਪ੍ਰੋ. ਜਸਕਿਰਨ ਕੌਰ, ਅਸਿਸਟੈਂਟ ਪ੍ਰੋਫ਼ੈਸਰ ਅੰਗਰੇਜ਼ੀ ਵਿਭਾਗ ਨੇ ਮਿਤੀ 2 ਜੂਨ, 2024 ਨੂੰ ਇੰਟਰਨੈਸ਼ਨਲ ਗਲੋਬਲ ਨੈੱਟਵਰਕ ਦੁਆਰਾ ਆਯੋਜਿਤ ਆਨਲਾਈਨ ਸੈਮੀਨਾਰ ਵਿਚ ਬਤੌਰ ਡੈਲੀਗੇਟ ਭਾਗ ਲਿਆ। ਪ੍ਰੋ. ਜਸਕਿਰਨ ਕੌਰ ਨੇ ਮਿਤੀ 08 ਨਵੰਬਰ, 2024 ਨੂੰ 'ਮੇਲਾ ਗਦਰੀ ਬਾਬਿਆਂ ਦਾ' ਵਿਚ ਸ਼ਿਰਕ ਕੀਤੀ। ਮਿਤੀ 24 ਨਵੰਬਰ, 2024 ਨੂੰ ਪ੍ਰੋ. ਜਸਕਿਰਤ ਕੌਰ ਨੇ ਖ਼ਾਲਸਾ ਕਾਲਜ, ਅੰਮ੍ਰਿਤਸਰ ਦੁਆਰਾ ਆਯੋਜਿਤ 'ਪੁਸਕ ਮੇਲਾ' ਵਿਚ ਹਿੱਸਾ ਲਿਆ।

➔ ਲੋਕ ਸਭਿਆਚਾਰਕ ਪਿੜ (ਰਜਿ.) ਗੁਰਦਾਸਪੁਰ ਵਲੋਂ ਮਿਤੀ 07 ਫਰਵਰੀ, 2025 ਨੂੰ ਪ੍ਰੋ. ਨਵਪ੍ਰੀਤ ਕੌਰ ਕਾਮਰਸ ਵਿਭਾਗ ਨੂੰ ਸਨਮਾਨਿਤ ਕੀਤਾ ਗਿਆ। ਪ੍ਰੋ. ਕੁਲਵਿੰਦਰ ਸਿੰਘ ਭਾਟੀਆ (ਪੰਜਾਬੀ ਵਿਭਾਗ) ਨੇ ਸਮੇਂ ਸਮੇਂ ਕਾਲਜ ਕੈਂਪਸ ਵਿਚ ਹੋਈਆਂ ਗਤੀਵਿਧੀਆਂ ਦੀ ਰਿਪੋਰਟਿੰਗ ਅਤੇ ਫ਼ੋਟੋਗਰਾਫ਼ੀ ਦਾ ਕਾਰਜ ਕੀਤਾ। ਪ੍ਰਿੰਟ ਮੀਡੀਆ ਤੇ ਸੰਚਾਰ ਸਾਧਨਾਂ 'ਚ ਕਾਲਜ ਗਤੀਵਿਧੀਆਂ ਦੀ ਕਵਰੇਜ਼ ਪ੍ਰਕਾਸ਼ਿਤ ਤੇ ਪ੍ਰਸਾਰਿਤ ਕਰਵਾਉਣ ਦਾ ਕਾਰਜ ਵੀ ਕੀਤਾ ਗਿਆ।

➔ ਪ੍ਰੋ. ਬਲਵੀਰ ਕੌਰ, ਪ੍ਰੋ. ਕੁਲਵਿੰਦਰ ਸਿੰਘ ਭਾਟੀਆ, ਪ੍ਰੋ. ਬਲਬੀਰ ਕੌਰ, ਪ੍ਰੋ. ਅਮਨਦੀਪ ਕੌਰ. ਪ੍ਰੋ. ਜਸਕਿਰਨ ਕੌਰ, ਪ੍ਰੋ. ਰਾਜਬੀਰ ਕੌਰ ਅਤੇ ਪ੍ਰੋ. ਮਨਜੋਤ ਕੌਰ ਨੇ ਆਪਣੇ ਕਾਲਜ ਵਲੋਂ ਕਰਵਾਏ ਗਏ ਰਾਸ਼ਟਰੀ ਸੈਮੀਨਾਰ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਅਤੇ ਸਿੱਖਿਆਵਾਂ ਸੰਬੰਧੀ ਪੇਪਰ ਪੇਸ਼ ਕੀਤੇ।

ਡਾ. ਹਰਪ੍ਰੀਤ ਸਿੰਘ ਹੁੰਦਲ ਵਾਇਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਡਾ. ਗੁੰਦਲ ਨੂੰ ਫੈਕਲਟੀ ਆਫ਼ ਲੈਗੈਏਜ਼ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ।

- 7 ਜੁਲਾਈ 2024 ਨੂੰ ਪੰਜਾਬੀ ਸਾਹਿਤ ਸਭਾ, ਬਾਬਾ ਬਕਾਲਾ ਸਾਹਿਬ ਵਿੱਚ ਹੋਏ ਸਾਹਿਤਿਕ ਸਮਾਗਮ ਦੀ ਪ੍ਰਧਾਨਗੀ ਕੀਤੀ ਅਤੇ ਆਪਣਾ ਪੇਪਰ ਪੇਸ਼ ਕੀਤਾ।
- 07 ਮਾਰਚ 2025 ਨੂੰ ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ, ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਅਤੇ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ ਵਲੋਂ ਕਰਵਾਏ ਰਾਸ਼ਟਰੀ ਸੈਮੀਨਾਰ ਪੰਜਾਬ ਦਾ ਭਵਿੱਖ: ਤੌਖਲੇ, ਆਸਾਂ ਅਤੇ ਯੋਜਨਾਵਾਂ ਵਿਸ਼ੇ ਉਪਰ ਪੈਨਲ ਚਰਚਾ ਦੀ ਪ੍ਰਧਾਨਗੀ ਕੀਤੀ ਅਤੇ ਆਪਣਾ ਪੇਪਰ ਪੇਸ਼ ਕੀਤਾ।

## ਕਾਲਜ ਕੈਂਪਸ ਵਿੱਚ ਗਤੀਵਿਧੀਆਂ

ਇਸ ਵਿਦਿਅਕ ਸੈਸ਼ਨ ਦੌਰਾਨ ਕਾਲਜ ਵਿੱਚ ਵੱਖ-ਵੱਖ ਗਤੀਵਿਧੀਆਂ ਇਸ ਪ੍ਰਕਾਰ ਰਹੀਆਂ :-

- ਮਿਤੀ 01 ਅਗਸਤ, 2024 ਨੂੰ ਅਕਾਦਮਿਕ ਸੈਸ਼ਨ 2023-2024 ਦੀ ਸ਼ੁਰੂਆਤ ਕੀਤੀ ਗਈ।
- ਮਿਤੀ 10 ਅਗਸਤ, 2024 ਨੂੰ ਕਾਲਜ ਵਿਦਿਆਰਥੀਆਂ ਦੀ 'ਸਵੇਰ ਦੀ ਸਭਾ' ਕੀਤੀ ਗਈ ਅਤੇ ਕਾਲਜ ਨਿਯਮਾਂ ਤੋਂ ਜਾਣੂ ਕਰਵਾਇਆ ਗਿਆ।
- ਕਾਲਜ ਦੇ ਈਕੋ ਕਲੱਬ ਵਲੋਂ ਮਿਤੀ 14 ਅਗਸਤ, 2024 ਨੂੰ ਵਣ-ਮਹਾਂਉਤਸਵ ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਹੁੰਦਲ ਦੀ ਅਗਵਾਈ ਹੇਠ ਵੱਖ-ਵੱਖ ਵੰਨਗੀਆਂ ਦੇ ਬੂਟੇ ਕਾਲਜ ਕੈਂਪਸ ਵਿਚ ਲਗਾਏ ਗਏ।
- ਮਿਤੀ 23 ਅਗਸਤ, 2024 ਨੂੰ ਸਾਇੰਸ ਵਿਭਾਗ, ਰੈੱਡ ਰਿਬਨ ਕਲੱਬ ਵਲੋਂ 'ਨੈਸ਼ਨਲ ਸਪੇਸ ਡੇਅ' ਮਨਾਇਆ ਗਿਆ।
- ਮਿਤੀ 21 ਸਤੰਬਰ, 2024 ਨੂੰ ਵਿਸ਼ਵਸ਼ਾਂਤੀ ਦਿਵਸ ਸੰਬੰਧੀ ਸੈਮੀਨਾਰ ਅਹਿਮਦੀਆ ਮੁਸਲਿਮ ਕਮਿਊਨਿਟੀ, ਕਾਦੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਡਾ. ਬਲਚਰਨਜੀਤ ਸਿੰਘ ਭਾਟੀਆ ਨੇ ਇਸ ਸੈਮੀਨਾਰ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤਾ। ਸੈਨੀਮਾਰ ਦੇ ਪ੍ਰਮੁੱਖ ਬੁਲਾਰੇ ਨੂਰਉਦੀਨ ਨਾਸਿਰ, ਪ੍ਰੋ. ਕੁਲਵਿੰਦਰ ਸਿੰਘ ਨੇ 'ਨੌਜਵਾਨ ਵਰਗ ਦੀ ਸਮਾਜ ਵਿਚ ਸ਼ਾਂਤੀ ਸਥਾਪਿਤ ਕਰਨ ਵਿੱਚ ਭੂਮਿਕਾ ਵਿਸ਼ੇ ਉੱਪਰ ਆਪਣੇ ਵਿਚਾਰ ਪੇਸ਼ ਕੀਤੇ।
- ਮਿਤੀ 28 ਸਤੰਬਰ, 2024 ਨੂੰ ਈਕੋ ਕਲੱਬ, ਬੱਡੀ ਗਰੁੱਪ ਅਤੇ ਐੱਨ.ਐੱਸ.ਐੱਸ. ਵਿਭਾਗ ਦੇ ਸਾਂਝੇ ਯਤਨਾਂ ਸਦਕਾ ਕਾਲਜ ਕੈਂਪਸ ਵਿੱਚ ਵਾਤਾਵਰਨ ਸ਼ੁੱਧਤਾ ਨੂੰ ਬਣਾਈ ਰੱਖਣ ਅਤੇ ਸਫ਼ਾਈ ਮੁਹਿੰਮ ਚਲਾਈ ਗਈ।
- ਮਿਤੀ 12 ਮਾਰਚ, 2025 ਨੂੰ ਕਾਲਜ ਦਾ ਸਾਲਾਨਾ ਖੇਡ ਮੇਲਾ ਕਰਵਾਇਆ ਗਿਆ।



# ਰਾਸ਼ਟਰੀ ਸੈਮੀਨਾਰ ਦੀ ਰਿਪੋਰਟ

ਸਿੱਖ ਨੈਸ਼ਨਲ ਕਾਲਜ, ਕਾਦੀਆਂ ਵੱਲੋਂ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ-ਜੋਤ ਸਮਾਉਣ ਦੀ ਸ਼ਤਾਬਦੀ ਨੂੰ ਸਮਰਪਿਤ ਇਕ ਰੋਜ਼ਾ ਸੈਮੀਨਾਰ 8 ਫਰਵਰੀ 2025 ਨੂੰ ਕਰਵਾਇਆ ਗਿਆ। ਇਸ ਸੈਮੀਨਾਰ ਦਾ ਵਿਸ਼ਾ - 'ਗੁਰੂ ਅਮਰਦਾਸ ਜੀ ਦੀ ਬਾਣੀ ਅਤੇ ਸਿੱਖਿਆਵਾਂ - ਸਮਾਜਿਕ ਸੰਦਰਭ' ਸੀ। ਇਹ ਸੈਮੀਨਾਰ ਕਾਲਜ IQAC ਦੇ ਸਹਿਯੋਗ ਨਾਲ ਖੀਤਾ ਗਿਆ ਸੀ। ਇਸ ਸੈਮੀਨਾਰ ਦੇ ਉਦਘਾਟਨੀ ਸੈਸ਼ਨ ਵਿੱਚ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਡਾ. ਹਰਪ੍ਰੀਤ ਸਿੰਘ ਹੁੰਦਲ ਨੇ ਸੈਮੀਨਾਰ ਦੇ ਮੰਤਵ ਬਾਰੇ ਬੋਲਦਿਆਂ ਕਿਹਾ ਕਿ ਇਹ ਸੈਮੀਨਾਰ ਗੁਰੂ ਅਮਰਦਾਸ ਜੀ ਦੀ ਬਾਣੀ ਅਤੇ ਸਿੱਖਿਆਵਾਂ ਨੂੰ ਸਮਾਜਕ ਸੰਦਰਭ ਵਿੱਚੋਂ ਪਛਾਣ ਵੱਲ ਕੇਂਦਰਿਤ ਹੋਵੇਗਾ। ਉਹਨਾਂ ਕਿਹਾ ਕਿ ਗੁਰੂ ਸਾਹਿਬ ਨੇ ਭਾਰਤ ਦੇ ਅਨੇਕਾਂ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ 22 ਮੰਜੀਆਂ ਸਥਾਪਤ ਕਰਕੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਦੇ ਵਿਕਾਸ ਵਿੱਚ ਹਿੱਸਾ ਪਾਇਆ। ਇਸ ਸੈਮੀਨਾਰ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਡਾ. ਮਨਜਿੰਦਰ ਸਿੰਘ, ਮੁਖੀ, ਪੰਜਾਬੀ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਕੁੰਜੀਵਤ ਭਾਸ਼ਣ ਦਿੱਤਾ ਗਿਆ। ਉਹਨਾਂ ਆਪਣੇ ਸੰਬੋਧਨੀ ਸ਼ਬਦਾਂ ਵਿੱਚ ਗੁਰੂ ਅਮਰਦਾਸ ਜੀ ਦੀ ਸਮੁੱਚੀ ਦੇਣ ਨੂੰ ਵੱਡਮੁਲੀ ਦੱਸਦੇ ਹੋਏ ਕਿਹਾ ਕਿ ਉਹਨਾਂ ਆਪਣੀ ਬਾਣੀ ਲੋਕ ਭਾਸ਼ਾ ਵਿੱਚ ਲਿਖ ਕੇ ਲੋਕਾਂ ਨੂੰ ਬਾਣੀ ਆਪਣੇ ਹਿਰਦੇ ਅੰਦਰ ਵਸਾਉਣ ਦੀ ਪ੍ਰੇਰਨਾ ਦਿੱਤੀ। ਇਸ ਸੈਮੀਨਾਰ ਵਿੱਚ ਵਿਸ਼ੇਸ਼ ਭਾਸ਼ਣ ਡਾ. ਕੰਵਲਜੀਤ ਸਿੰਘ, ਸਹਾਇਕ ਪ੍ਰੋਫੈਸਰ, ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਨੇ ਦਿੱਤਾ। ਉਹਨਾਂ ਆਪਣੇ ਭਾਸ਼ਣ ਵਿੱਚ ਗੁਰੂ ਅਮਰਦਾਸ ਜੀ ਦੀ ਬਾਣੀ, ਸਿੱਖਿਆਵਾਂ ਅਤੇ ਸਮਾਜ ਸੁਧਾਰਕ ਕਾਰਜਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਕਿਹਾ ਕਿ ਗੁਰੂ ਸਾਹਿਬ ਨੇ ਸਿੱਖ ਧਰਮ ਦੇ ਸਿਧਾਂਤ ਨੂੰ ਪੱਕੇ ਪੈਰੀ ਕਰਦੇ ਹੋਏ ਬੜੀ ਵਿਉਂਤਕਾਰੀ ਨਾਲ ਇਸ ਦਾ ਪਾਸਾਰ ਕੀਤਾ। ਇਸ ਸੈਸ਼ਨ ਵਿੱਚ ਸਥਾਨਿਕ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਕੈਪਟਨ ਬਲਬੀਰ ਸਿੰਘ ਬਾਠ (ਸਾਬਕਾ ਕੈਬਨਿਟ ਮੰਤਰੀ, ਪੰਜਾਬ) ਨੇ ਗੁਰੂ ਅੰਰਦਾਸ ਜੀ ਬਾਰੇ ਕਰਵਾਏ ਜਾ ਰਹੇ ਸੈਮੀਨਾਰ ਨੂੰ ਵੱਡਾ ਉਪਰਾਲਾ ਕਿਹਾ। ਸਰਦਾਰ ਗੁਰਦੇਵ ਸਿੰਘ ਜੀ, ਪ੍ਰਧਾਨ ਅਤੇ ਕਰਨਲ (ਰਿਟਾ.) ਜਸਮੇਰ ਸਿੰਘ ਬਾਲਾ ਜੀ, ਸਕੱਤਰ, ਸਿੱਖ ਐਜੂਕੇਸ਼ਨਲ ਸੁਸਾਇਟੀ, ਚੰਡੀਗੜ੍ਹ ਵੱਲੋਂ ਭੇਜੀ 50,000/- ਰੁਪਏ ਦੀ ਰਾਸ਼ੀ ਅਤੇ ਸ਼ੁੱਭ ਕਾਮਨਾਵਾਂ ਦਾ ਸੰਦੇਸ਼ ਲੈ ਕੇ ਡਾ. ਜਸਵਿੰਦਰ ਸਿੰਘ, ਐਸੋਸੀਏਟ ਪ੍ਰੋਫੈਸਰ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ ਵਿਸ਼ੇਸ਼ ਤੌਰ 'ਤੇ ਪਹੁੰਚੇ। ਡਾ. ਬਲਚਰਨਜੀਤ ਸਿੰਘ ਭਾਟੀਆ ਜੀ ਨੇ ਆਪਣੇ ਸੰਬੋਧਨ ਵਿੱਚ ਅਜੋਕੇ ਸਮੇਂ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਗੁਰੂ ਅਮਰਦਾਸ ਜੀ ਦੀ ਬਾਣੀ ਅਤੇ ਸਿੱਖਿਆਵਾਂ ਨੂੰ ਆਧਾਰ ਬਣਾਉਣ ਲਈ ਕਿਹਾ।

## ਅਕਾਦਮਿਕ ਸੈਸ਼ਨ

ਸੈਮੀਨਾਰ ਦੇ ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਡਾ. ਪਰਮਿੰਦਰ ਸਿੰਘ (ਐਸੋਸੀਏਟ ਪ੍ਰੋਫੈਸਰ, ਖ਼ਾਲਸਾ ਕਾਲਜ, ਅੰਮ੍ਰਿਤਸਰ) ਨੇ ਕੀਤੀ। ਉਹਨਾਂ ਦੇ ਨਾਲ ਪ੍ਰਧਾਨਗੀ ਮੰਡਲ ਵਿੱਚ ਡਾ. ਜਸਵਿੰਦਰ ਸਿੰਘ (ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ), ਡਾ. ਗੁਰਜੰਟ ਸਿੰਘ (ਤ੍ਰੈ-ਸ਼ਤਾਬਦੀ ਕਾਲਜ, ਅੰਮ੍ਰਿਤਸਰ), ਡਾ. ਹਰਵੰਤ ਕੌਰ (ਐਸ.ਡੀ.ਐਨ.ਐਫ. ਕਾਲਜ, ਰਈਆ), ਪ੍ਰੋ. ਰਮਨਦੀਪ ਕੌਰ (ਬੇਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ, ਬਟਾਲਾ) ਮੰਚ ਤੇ ਬਿਰਾਜਮਾਨ ਹੋਏ। ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਡਾ. ਪਰਮਿੰਦਰ ਸਿੰਘ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਦਾ ਸਮਾਜ ਸੱਭਿਆਚਾਰਕ ਸੰਦਰਭ ਪੇਸ਼ ਕੀਤਾ। ਉਹਨਾਂ ਕਿਹਾ ਕਿ ਗੁਰੂ ਜੀ ਨੇ ਜਾਤ-ਪਾਤ ਜਿਹੀ ਕੁਰੀਤੀ ਨੂੰ ਸਮਾਜ ਵਿੱਚੋਂ ਖ਼ਤਮ ਕਰਨ ਲਈ ਲੰਗਰ ਪ੍ਰਥਾ ਦਾ ਆਰੰਭ ਕੀਤਾ 'ਪਹਿਲਾਂ ਪੰਗਤ ਫਿਰ ਸੰਗਤ' ਦਾ ਸਿਧਾਂਤ ਇਸੇ ਦਾ ਅਨੁਸਾਰੀ ਹੈ। ਨਾਰੀਵਾਦ ਦ੍ਰਿਸ਼ਟੀਕੋਣ ਤੋਂ ਗੱਲ ਕਰਦਿਆਂ ਉਹਨਾਂ ਉਸ ਸਮੇਂ ਪ੍ਰਚਲਤ ਸਤੀ ਪ੍ਰਥਾ, ਪਰਦਾ ਪ੍ਰਥਾ ਆਦਿ ਸਮਾਜਿਕ ਕੁਰੀਤੀਆਂ ਦਾ ਖੰਡਨ ਗੁਰੂ ਜੀ ਦੀ ਰਚਨਾ ਵਿਚ ਹੋਇਆ ਦੱਸਿਆ ਹੈ। ਡਾ. ਜਸਵਿੰਦਰ ਸਿੰਘ ਨੇ ਸ੍ਰੀ ਅਮਰਦਾਸ ਜੀ ਦੁਆਰਾ ਕੀਤੇ ਗਏ ਸਮਾਜਿਕ ਕਾਰਜਾਂ, ਦੇਣ ਅਤੇ ਪ੍ਰਤੀਬੱਧਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਡਾ. ਗੁਰਜੰਟ ਸਿੰਘ, ਡਾ. ਹਰਵੰਤ ਕੌਰ, ਪ੍ਰੋ. ਰਮਨਦੀਪ ਕੌਰ ਨੇ ਵੀ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਅਤੇ ਸਿੱਖਿਆਵਾਂ ਸੰਬੰਧੀ ਪੇਪਰ ਪੇਸ਼ ਕੀਤੇ।

ਅਕਾਦਮਿਕ ਸੈਸ਼ਨ ਵਿੱਚ ਵੱਖ-ਵੱਖ ਕਾਲਜਾਂ ਤੋਂ ਆਏ ਲਗਭਗ 20 ਅਧਿਆਪਕਾ ਸਹਿਬਾਨਾਂ ਨੇ ਇਸ ਮੌਕੇ ਸ਼ਿਰਕਤ ਕੀਤੀ। ਪ੍ਰੋ. ਅਜੈਪਾਲ ਸਿੰਘ ਚਵਿੰਡਾ (ਬਾਬਾ ਅਜੈ ਸਿੰਘ ਕਾਲਜ ਗੁਰਦਾਸ ਨੰਗਲ), ਪ੍ਰੋ. ਕਮਲੇਸ਼ ਕੁਮਾਰੀ (ਪੰਡਿਤ ਮੋਹਨ ਲਾਲ ਐਸ.ਡੀ.ਕਾਲਜ, ਗੁਰਦਾਸਪੁਰ), ਡਾ. ਗੋਪਾਲ ਸਿੰਘ ਬੁੱਟਰ (ਸਾਬਕਾ ਮੁਖੀ, ਪੰਜਾਬੀ ਵਿਭਾਗ ਲਾਇਲਪੁਰ ਖਲਾਸਾ ਕਾਲਜ, ਜਲੰਧਰ), ਡਾ. ਗੁਰਦੀਪ ਸਿੰਘ (ਸਿੱਖ ਨੈਸ਼ਨਲ ਕਾਲਜ, ਕਾਦੀਆਂ) ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਇਕ ਰੋਜ਼ਾ ਰਾਸ਼ਟਰੀ ਸੈਮੀਨਾਰ ਵਿੱਚ ਸਥਾਨਕ ਕਮੇਟੀ ਮੈਂਬਰ ਪ੍ਰਿੰਸੀਪਲ ਅੰਗਰੇਜ ਸਿੰਘ ਬੋਪਾਰਾਏ, ਮੈਂਬਰ ਗਰਿੰਦਰਪਾਲ ਸਿੰਘ ਸਾਹਬੀ; ਸਾਬਕਾ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਸ. ਅਮਰਜੀਤ ਸਿੰਘ ਭਾਟੀਆ, ਚੌਧਰੀ, ਅਕਰਮ ਵੜੈਚ, ਕਾਮਰੇਡ ਗੁਰਮੇਜ ਸਿੰਘ, ਸ੍ਰੀ ਵਿਜੈ ਕੁਮਾਰ, ਮਾਸਟਰ ਕੁਲਦੀਪ ਸਿੰਘ ਭਾਟੀਆ, ਸਾਬਕਾ ਸਰਪੰਚ ਅਪਾਰਜੀਤ ਸਿੰਘ ਮਿੰਟੂ ਘੁੰਮਣ ਭੇਣੀ ਬਾਂਗਰ ਸਮੇਤ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

## ਦਾਨੀ-ਸੱਜਣਾਂ ਵੱਲੋਂ ਦਿੱਤੀ ਸਹਾਇਤਾ ਦਾ ਵੇਰਵਾ

ਸਿੱਖ ਨੈਸ਼ਨਲ ਕਾਲਜ ਕਾਦੀਆਂ ਦੇ ਸ਼ੁੱਭ-ਚਿੰਤਕ ਦਾਨੀ ਸੱਜਣਾਂ ਵਲੋਂ ਇਸ ਵਿੱਦਿਅਕ ਵਰ੍ਹੇ ਦੌਰਾਨ ਹੇਠ ਲਿਖੀ ਸੂਚੀ ਅਨੁਸਾਰ ਆਰਥਿਕ ਸਹਾਇਤਾ ਕੀਤੀ ਗਈ।

| ਲੜੀ ਨੰ. | ਨਾਮ | ਰਕਮ |
|---|---|---|
| 1. | ਡਾ. ਉਜਾਗਰ ਸਿੰਘ ਧਾਲੀਵਾਲ<br>(ਜੀਵਨ ਮੈਂਬਰ, ਸਿੱਖ ਐਜੂਕੇਸ਼ਨਲ ਸੁਸਾਇਟੀ, ਚੰਡੀਗੜ੍ਹ) | ਰੁ. 2,00,000/- |
| 2. | ਸ੍ਰੀ ਦੌਲਤ ਰਾਮ ਸ਼ਰਮਾ (ਸਾਬਕਾ ਡੀ.ਪੀ.ਈ.) | ਰੁ. 1,50,000/- |
| 3. | ਸ. ਕਰਨੈਲ ਸਿੰਘ ਨਾਗਰਾ (ਕੇਨੈਡਾ ਨਿਵਾਸੀ) | ਰੁ. 1,00,000/- |
| 4. | ਸ. ਜਤਿੰਦਰ ਸਿੰਘ ਬਾਵਾ (ਅਮਰੀਕਾ ਨਿਵਾਸੀ)<br>(ਪੋਤਰਾ ਪ੍ਰਿੰਸੀਪਲ ਬਾਵਾ ਹਰਕ੍ਰਿਸ਼ਨ ਸਿੰਘ) | ਰੁ. 1,00,000/- |
| 5. | ਸ. ਕਮਲਜੀਤ ਸਿੰਘ (ਸਬਾਕਾ ਸੁਪਰਡੈਂਟ) | ਰੁ. 50,000/- |
| 6. | ਸਿੱਖ ਐਜੂਕੇਸ਼ਨਲ ਸੁਸਾਇਟੀ, ਚੰਡੀਗੜ੍ਹ | ਰੁ. 50,000/- |
| 7. | ਸ੍ਰੀਮਤੀ ਸਰਬਜੀਤ ਕੌਰ, (ਸਾਬਕਾ ਐਸੋਸੀਏਟ ਪ੍ਰੋਫ਼ੈਸਰ) | ਰੁ. 11,000/- |

























